Public Guardian and Trustee of British Columbia

ਅਡੱਲਟ ਗਾਰਡੀਅਨਸ਼ਿਪ

# ਆਰਜ਼ੀ ਤੌਰ ’ਤੇ ਬਦਲਵੇਂ ਫੈਸਲੇ ਕਰਨ ਵਾਲਿਆਂ ਲਈ ਜਾਣਕਾਰੀ

ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਅਧਿਕਾਰਤ

## ਸਿਹਤ ਸੰਭਾਲ ਦੇ ਬਦਲਵੇਂ ਫੈਸਲੇ ਕਰਨ ਲਈ ਸਹਿਮਤੀ ਕਿਉਂ ਜ਼ਰੂਰੀ ਹੈ?

ਬ੍ਰਿਟਿਸ਼ ਕੋਲੰਬੀਆ ਵਿਚ ਹਰ ਬਾਲਗ ਨੂੰ ਸਿਹਤ ਸੰਭਾਲ ਪ੍ਰਵਾਨ ਕਰਨ ਜਾਂ ਲੈਣ ਤੋਂ ਨਾਂਹ ਕਰਨ ਅਤੇ ਆਪਣੀ ਸਿਹਤ ਦੀ ਸੰਭਾਲ ਬਾਰੇ ਫੈਸਲੇ ਕਰਨ ਵਿਚ ਹਿੱਸਾ ਲੈਣ ਦਾ ਹੱਕ ਹੈ। ਕਿਸੇ ਅਸਮਰੱਥ ਬਾਲਗ ਨੂੰ ਅਜੇ ਵੀ ਉਹ ਹੱਕ ਹੈ, ਪਰ ਉਸ ਹੱਕ ਦੀ ਵਰਤੋਂ ਅਤੇ ਰਖਵਾਲੀ ਕਰਨ ਦੀ ਜ਼ਿੰਮੇਵਾਰੀ ਆਰਜ਼ੀ ਬਦਲਵੇਂ ਫੈਸਲੇ ਕਰਨ ਵਾਲੇ ਦੀ ਬਣ ਜਾਂਦੀ ਹੈ।

ਬੀ ਸੀ ਵਿਚ, ਸਿਹਤ ਸੰਭਾਲ ਦੇ ਫੈਸਲਿਆਂ ਲਈ ਬਦਲਵੇਂ ਫੈਸਲੇ ਕਰਨ ਵਾਲਿਆਂ ਦੀਆਂ ਤਿੰਨ ਕਿਸਮਾਂ ਹਨ। ਉਹ ਹਨ:

- ਅਦਾਲਤ ਵਲੋਂ *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ ਨਿਯੁਕਤ ਕੀਤਾ ਗਿਆ ਕੋਈ ਕਮੇਟੀ ਔਫ ਪਰਸਨ;
- *ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਅਧੀਨ ਕੋਈ ਨੁਮਾਇੰਦਾ (ਰੈਪਰੇਜ਼ਿਨਟੇਟਿਵ); ਅਤੇ
- ਕਿਸੇ ਡਾਕਟਰ (ਹੈਲਥ ਕੇਅਰ ਪ੍ਰੋਵਾਈਡਰ) ਵਲੋਂ ਚੁਣਿਆ ਗਿਆ ਜਾਂ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* (ਐਕਟ) ਅਧੀਨ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਵਲੋਂ ਅਧਿਕਾਰਤ ਕੋਈ ਬਦਲਵੇਂ ਫੈਸਲੇ ਕਰਨ ਵਾਲਾ (ਟੀ ਐੱਸ ਡੀ ਐੱਮ)।

*ਬੀ ਸੀ ਵਿਚ ਜੇ ਕਿਸੇ ਬਾਲਗ ਨੇ ਕਾਨੂੰਨੀ ’ਤੌਰ ’ਤੇ ਯੋਗ ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼) ਬਣਾਇਆ ਹੈ ਜੋ ਕਿ ਬਾਅਦ ਦੀ ਕਿਸੇ ਤਜਵੀਜ਼ਸ਼ੁਦਾ ਤਰੀਕ ਨੂੰ ਇਲਾਜ ਜਾਂ ਸਿਹਤ ਸੰਭਾਲ ਲਈ ਸਹਿਮਤੀ ਦਿੰਦਾ ਹੈ ਜਾਂ ਸਹਿਮਤੀ ਦੇਣ ਤੋਂ ਨਾਂਹ ਕਰਦਾ ਹੈ ਜਦੋਂ ਬਾਲਗ ਸਹਿਮਤੀ ਦੇਣ ਜਾਂ ਸਹਿਮਤੀ ਦੇਣ ਤੋਂ ਨਾਂਹ ਕਰਨ ਦੇ ਸਮਰੱਥ ਨਹੀਂ ਰਹਿੰਦਾ, ਤਾਂ ਫਿਰ ਟੀ ਐੱਸ ਡੀ ਐੱਮ ਦੀ ਲੋੜ ਨਹੀਂ ਹੈ ਅਤੇ ਹੈਲਥ ਕੇਅਰ ਪ੍ਰੋਵਾਈਡਰ ਲਈ ਅਡਵਾਂਸ ਡਾਇਰੈਕਟਿਵ ਵਿਚ ਬਾਲਗ ਵਲੋਂ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਅਡਵਾਂਸ ਡਾਇਰੈਕਟਿਵ ਬਾਰੇ ਜ਼ਿਆਦਾ ਜਾਣਕਾਰੀ ਲਈ ਸੰਭਾਲ ਦੀ ਅਗਾਊਂ ਪਲੈਨਿੰਗ ’ਤੇ ਮਨਿਸਟਰੀ ਔਫ ਹੈਲਥ ਦੀ ਜਾਣਕਾਰੀ ਦੇਖੋ: http://www.gov.bc.ca/advancecare.*

## ਟੀ ਐੱਸ ਡੀ ਐੱਮ ਦਾ ਅਧਿਕਾਰ ਦੇਣ ਵਿਚ ਪਬਲਿਕ ਗਾਰਡੀਅਨ ਐਂਡ ਟਰੱਸਟੀ ਕਿਉਂ ਸ਼ਾਮਲ ਹੈ?

*ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਕਹਿੰਦਾ ਹੈ ਕਿ ਜੇ ਕਿਸੇ ਬਾਲਗ ਕੋਲ ਕਾਨੂੰਨੀ ਤੌਰ 'ਤੇ ਨਿਯੁਕਤ ਕੀਤਾ ਕੋਈ ਬਦਲ ਨਹੀਂ ਹੈ (ਭਾਵੇਂ ਕਮੇਟੀ ਔਫ ਪਰਸਨ ਹੋਵੇ ਜਾਂ ਨੁਮਾਇੰਦਾ ਹੋਵੇ), ਅਤੇ ਕੋਈ ਢੁਕਵਾਂ ਅਡਵਾਂਸ ਡਾਇਰੈਕਟਿਵ ਨਹੀਂ ਹੈ ਤਾਂ ਹੈਲਥ ਕੇਅਰ ਪ੍ਰੋਵਾਈਡਰ ਲਈ ਲਿਸਟ ਵਿੱਚੋਂ ਟੀ ਐੱਸ ਡੀ ਐੱਮ ਦੀ ਚੋਣ ਕਰਨਾ ਜ਼ਰੂਰੀ ਹੈ ਜਿਵੇਂ ਕਿ ਕਾਨੂੰਨ ਵਿਚ ਦੱਸਿਆ ਗਿਆ ਹੈ। ਜੇ ਕਾਨੂੰਨੀ ਤੌਰ 'ਤੇ ਨਿਯੁਕਤ ਬਦਲ ਉਪਲਬਧ ਨਾ ਹੋਵੇ ਤਾਂ ਵੀ ਟੀ ਐੱਸ ਡੀ ਐੱਮ ਦੀ ਲੋੜ ਪੈ ਸਕਦੀ ਹੈ। ਜੇ ਹੈਲਥ ਕੇਅਰ ਪ੍ਰੋਵਾਈਡਰ ਦੀ ਰਾਇ ਵਿਚ, ਬਾਲਗ ਲਈ ਟੀ ਐੱਸ ਡੀ ਐੱਮ ਬਣਨ ਲਈ ਕੋਈ ਉਪਲਬਧ ਅਤੇ ਯੋਗਤਾਪ੍ਰਾਪਤ ਵਿਅਕਤੀ ਨਹੀਂ ਹੈ, ਜਾਂ ਇਸ ਚੀਜ਼ ਬਾਰੇ ਮਤਭੇਦ ਹਨ ਕਿ ਕਿਸ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ ਤਾਂ ਪੀ ਜੀ ਟੀ ਲਈ ਕਿਸੇ ਨੂੰ ਟੀ ਐੱਸ ਡੀ ਐੱਮ ਬਣਨ ਦਾ ਅਧਿਕਾਰ ਦੇਣਾ ਜਾਂ ਆਪ ਟੀ ਐੱਸ ਡੀ ਐੱਮ ਬਣਨਾ ਜ਼ਰੂਰੀ ਹੈ।

ਪੀ ਜੀ ਟੀ ਕਿਸੇ ਨੂੰ ਟੀ ਐੱਸ ਡੀ ਐੱਮ ਬਣਨ ਦਾ ਅਧਿਕਾਰ ਦੇਵੇਗਾ ਜੇ ਇਹ ਕੰਮ ਬਾਲਗ ਦੀ ਸਿਹਤ ਸੰਭਾਲ ਪ੍ਰਦਾਨ ਕਰਨ ਵਿਚ ਕੋਈ ਬੇਲੋੜੀ ਦੇਰੀ ਨਹੀਂ ਕਰੇਗਾ ਅਤੇ ਪੀ ਜੀ ਟੀ ਸੰਤੁਸ਼ਟ ਹੈ ਕਿ ਉਹ ਵਿਅਕਤੀ:

- ਜਾਣਕਾਰੀ ਲੈ ਕੇ ਅਤੇ ਜ਼ਿੰਮੇਵਾਰ ਫੈਸਲੇ ਕਰਨ ਵਾਲਾ ਬਣਨ ਦੇ ਯੋਗ ਹੈ ਅਤੇ ਖਾਹਸ਼ਮੰਦ ਹੈ; ਅਤੇ
- ਉਸ ਦਾ ਬਾਲਗ ਨਾਲ ਸੰਬੰਧ ਹੈ ਜਿਹੜਾ ਉਸ ਵਿਅਕਤੀ ਨੂੰ ਢੁਕਵੀਂ ਚੋਣ ਬਣਾਉਂਦਾ ਹੈ।

## ਟੀ ਐੱਸ ਡੀ ਐੱਮ ਦੀਆਂ ਕੀ ਜ਼ਿੰਮੇਵਾਰੀਆਂ ਹਨ?

ਟੀ ਐੱਸ ਡੀ ਐੱਮ ਵਜੋਂ, ਤੁਹਾਡੀ ਕਾਨੂੰਨੀ ਜ਼ਿੰਮੇਵਾਰੀ ਬਾਲਗ ਵਲੋਂ ਉਦੋਂ ਪ੍ਰਗਟ ਕੀਤੀਆਂ ਗਈਆਂ ਹਿਦਾਇਤਾਂ ਜਾਂ ਇੱਛਾਵਾਂ ਦੀ ਨੁਮਾਇੰਦਗੀ ਕਰਨਾ ਹੈ ਜਦੋਂ ਉਹ ਸਮਰੱਥ ਸੀ। ਜੇ ਇਨ੍ਹਾਂ ਦਾ ਪਤਾ ਨਹੀਂ ਹੈ ਤਾਂ ਤੁਹਾਡੀ ਜ਼ਿੰਮੇਵਾਰੀ ਉਸ ਬਾਲਗ ਦੇ ਬਿਹਤਰ ਹਿੱਤਾਂ ਵਿਚ ਕੰਮ ਕਰਨਾ ਹੈ ਜਿਸ ਲਈ ਤੁਸੀਂ ਜਾਣਕਾਰੀ ਲੈ ਕੇ ਸਹਿਮਤੀ ਦੇ ਰਹੇ ਹੋ ਜਾਂ ਸਹਿਮਤੀ ਦੇਣ ਤੋਂ ਨਾਂਹ ਕਰ ਰਹੇ ਹੋ।

ਤੁਹਾਡੀਆਂ ਮੁੱਖ ਜ਼ਿੰਮੇਵਾਰੀਆਂ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਦੇ ਸੈਕਸ਼ਨ 19 ਵਿਚ ਵਿਸਥਾਰ ਵਿਚ ਤਹਿ ਕੀਤੀਆਂ ਗਈਆਂ ਹਨ। ਇਸ ਨੂੰ ਜਾਣਨਾ ਅਤੇ ਇਹ ਜ਼ਿੰਮੇਵਾਰੀਆਂ ਪੂਰੀਆਂ ਕਰਨਾ ਕਿਉਂਕਿ ਤੁਹਾਡਾ ਫਰਜ਼ ਹੈ, ਇਸ ਕਰਕੇ ਪੂਰਾ ਸੈਕਸ਼ਨ ਹੇਠਾਂ ਦਿੱਤਾ ਗਿਆ ਹੈ:

**19 (1)** ਕਿਸੇ ਬਾਲਗ ਲਈ ਸਿਹਤ ਸੰਭਾਲ ਦੀ ਬਦਲਵੀਂ ਸਹਿਮਤੀ ਦੇਣ ਜਾਂ ਸਹਿਮਤੀ ਦੇਣ ਤੋਂ ਨਾਂਹ ਕਰਨ ਲਈ ਚੁਣੇ ਜਾਣ ਵਾਲੇ ਵਿਅਕਤੀ {ਟੀ ਐੱਸ ਡੀ ਐੱਮ ਵਜੋਂ} ਲਈ ਇਹ ਕਰਨਾ ਜ਼ਰੂਰੀ ਹੈ

**(ਏ)** ਬਦਲਵੀਂ ਸਹਿਮਤੀ ਦੇਣ ਜਾਂ ਦੇਣ ਤੋਂ ਨਾਂਹ ਕਰਨ ਤੋਂ ਪਹਿਲਾਂ ਜਿੰਨਾ ਵੀ ਸੰਭਵ ਹੋ ਸਕੇ ਵੱਧ ਤੋਂ ਵੱਧ ਸਲਾਹ ਕਰਨਾ,

**(i)** ਬਾਲਗ ਨਾਲ, ਅਤੇ

**(ii)** ਜੇ ਚੁਣਿਆ ਗਿਆ ਵਿਅਕਤੀ {ਟੀ ਐੱਸ ਡੀ ਐੱਮ ਵਜੋਂ} ਅਜਿਹਾ ਵਿਅਕਤੀ ਹੈ ਜਿਸ ਨੂੰ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਅਧਿਕਾਰ ਦਿੱਤਾ ਗਿਆ ਹੈ ਤਾਂ ਮਦਦ ਦੀ ਮੰਗ ਕਰਨ ਵਾਲੇ ਬਾਲਗ ਦੇ ਕਿਸੇ ਨੇੜੇ ਦੇ ਰਿਸ਼ਤੇਦਾਰ ਜਾਂ ਨੇੜਲੇ ਦੋਸਤ ਨਾਲ, ਅਤੇ

**(ਬੀ)** ਕਿਸੇ ਵੀ ਉਸ ਹਿਦਾਇਤ ਜਾਂ ਇੱਛਾਵਾਂ ਦੀ ਪਾਲਣਾ ਕਰਨਾ ਜਿਹੜੀਆਂ ਬਾਲਗ ਨੇ ਸਮਰੱਥ ਹੋਣ ਵੇਲੇ ਜ਼ਾਹਰ ਕੀਤੀਆਂ ਸਨ।

**(2)** ਜੇ ਬਾਲਗ ਦੀਆਂ ਹਿਦਾਇਤਾਂ ਜਾਂ ਇੱਛਾਵਾਂ ਦਾ ਪਤਾ ਨਹੀਂ ਹੈ ਤਾਂ ਚੁਣੇ ਗਏ ਵਿਅਕਤੀ {ਟੀ ਐੱਸ ਡੀ ਐੱਮ ਵਜੋਂ} ਲਈ ਬਾਲਗ ਦੇ ਬਿਹਤਰ ਹਿੱਤਾਂ ਵਿਚ ਸਹਿਮਤੀ ਦੇਣ ਜਾਂ ਦੇਣ ਤੋਂ ਨਾਂਹ ਕਰਨ ਦਾ ਫੈਸਲਾ ਕਰਨਾ ਜ਼ਰੂਰੀ ਹੈ।

**(3)** ਇਹ ਫੈਸਲਾ ਕਰਨ ਵੇਲੇ ਕਿ ਕੀ ਬਦਲਵੀਂ ਸਹਿਮਤੀ ਦੇਣਾ, ਨਾਂਹ ਕਰਨਾ ਜਾਂ ਸਹਿਮਤੀ ਰੱਦ ਕਰਨਾ ਕੀ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ, ਚੁਣੇ ਗਏ ਵਿਅਕਤੀ {ਟੀ ਐੱਸ ਡੀ ਐੱਮ ਵਜੋਂ} ਲਈ ਇਹ ਵਿਚਾਰ ਕਰਨਾ ਜ਼ਰੂਰੀ ਹੈ

**(ਏ)** ਬਾਲਗ ਦੀਆਂ ਮੌਜੂਦਾ ਇੱਛਾਵਾਂ, ਅਤੇ ਜਾਣੇ ਜਾਂਦੇ ਵਿਸ਼ਵਾਸ਼ ਅਤੇ ਕਦਰਾਂ-ਕੀਮਤਾਂ,

**(ਬੀ)** ਕੀ ਤਜਵੀਜ਼ਸ਼ੁਦਾ ਸਿਹਤ ਸੰਭਾਲ ਨਾਲ ਬਾਲਗ ਦੀ ਹਾਲਤ ਜਾਂ ਭਲਾਈ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੈ,

**(ਸੀ)** ਕੀ ਤਜਵੀਜ਼ਸ਼ੁਦਾ ਸਿਹਤ ਸੰਭਾਲ ਤੋਂ ਬਿਨਾਂ ਬਾਲਗ ਦੀ ਹਾਲਤ ਜਾਂ ਭਲਾਈ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੈ,

**(ਡੀ)** ਕੀ ਤਜਵੀਜ਼ਸ਼ੁਦਾ ਸਿਹਤ ਸੰਭਾਲ ਤੋਂ ਬਾਲਗ ਲਈ ਆਸ ਰੱਖੇ ਜਾਂਦੇ ਫਾਇਦੇ ਨੁਕਸਾਨ ਦੇ ਖਤਰੇ ਨਾਲੋਂ ਜ਼ਿਆਦਾ ਹਨ, ਅਤੇ

**(ਈ)** ਕੀ ਘੱਟ ਬੰਦਸ਼ ਵਾਲੀ ਜਾਂ ਘੱਟ ਦਖਲਅੰਦਾਜ਼ੀ ਕਰਨ ਵਾਲੀ ਸਿਹਤ ਸੰਭਾਲ ਤਜਵੀਜ਼ਸ਼ੁਦਾ ਸਿਹਤ ਸੰਭਾਲ ਜਿੰਨੀ ਹੀ ਫਾਇਦੇਮੰਦ ਹੋਵੇਗੀ।

## ਟੀ ਐੱਸ ਡੀ ਐੱਮ ਨੂੰ ਕਿਹੜੇ ਰਿਕਾਰਡ ਰੱਖਣ ਦੀ ਲੋੜ ਹੈ?

ਤੁਹਾਨੂੰ ਟੀ ਐੱਸ ਡੀ ਐੱਮ ਦਾ ਅਧਿਕਾਰ ਦੇਣ ਦੀ ਇਕ ਸ਼ਰਤ ਵਜੋਂ, ਪੀ ਜੀ ਟੀ ਇਹ ਮੰਗ ਕਰਦਾ ਹੈ ਕਿ ਤੁਸੀਂ ਸਿਹਤ ਸੰਭਾਲ ਦੇ ਫੈਸਲਿਆਂ ਦੇ ਰਿਕਾਰਡ ਰੱਖੋ ਅਤੇ ਬਾਲਗ, ਪੀ ਜੀ ਟੀ ਜਾਂ ਬਦਲਵੇਂ ਟੀ ਐੱਸ ਡੀ ਐੱਮ ਵਲੋਂ ਮੰਗਣ 'ਤੇ ਇਹ ਰਿਕਾਰਡ ਦਿਉ। ਤੁਹਾਡੇ ਰਿਕਾਰਡ ਵਿਚ ਇਹ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:

- ਉਹ ਤਾਰੀਕਾਂ ਜਦੋਂ ਤੁਸੀਂ ਸਿਹਤ ਸੰਭਾਲ ਦੇ ਤਜਵੀਜ਼ਸ਼ੁਦਾ ਇਲਾਜ ਬਾਰੇ ਹੈਲਥ ਕੇਅਰ ਪ੍ਰੋਵਾਈਡਰ (ਡਾਕਟਰ) ਨਾਲ ਗੱਲ ਕੀਤੀ;
- ਇਲਾਜ ਦੀ ਕਿਸਮ;
- ਫੈਸਲੇ ਜਿਹੜੇ ਤੁਸੀਂ ਕੀਤੇ;

- ਇਸ ਵਿਚ ਸ਼ਾਮਲ ਮੁੱਖ ਹੈਲਥ ਕੇਅਰ ਪ੍ਰੋਵਾਈਡਰਾਂ ਦੇ ਨਾਂ ਅਤੇ ਫੈਸਲਾ ਕਰਨ ਤੋਂ ਪਹਿਲਾਂ ਜਿਹੜੇ ਹੋਰ ਲੋਕਾਂ ਨਾਲ ਤੁਸੀਂ ਸਲਾਹ ਕੀਤੀ ਉਨ੍ਹਾਂ ਦੇ ਨਾਂ;
- ਤੁਹਾਡੇ ਫੈਸਲੇ ਦੇ ਕਾਰਨ ਜਿਵੇਂ ਕਿ ਤੁਹਾਡੀ ਖਤਰਿਆਂ ਅਤੇ ਫਾਇਦਿਆਂ ਦੀ ਸਮਝ, ਜਾਂ ਬਾਲਗ ਵਲੋਂ ਪਹਿਲਾਂ ਦਿੱਤੀਆਂ ਹਿਦਾਇਤਾਂ ਜਾਂ ਇੱਛਾਵਾਂ ਦੀ ਤੁਹਾਡੀ ਸਮਝ, ਜੇ ਤੁਸੀਂ ਜਾਣਦੇ ਹੋ।

ਪੀ ਜੀ ਟੀ ਵਲੋਂ ਅਧਿਕਾਰਤ ਟੀ ਐੱਸ ਡੀ ਐੱਮ ਵਜੋਂ, ਐਕਟ ਮੰਗ ਕਰਦਾ ਹੈ ਕਿ ਤੁਸੀਂ ਜਿੰਨਾ ਵੀ ਹੋ ਸਕੇ ਬਾਲਗ ਨਾਲ ਅਤੇ ਬਾਲਗ ਦੇ ਨੇੜੇ ਦੇ ਰਿਸ਼ਤੇਦਾਰ ਜਾਂ ਨੇੜਲੇ ਦੋਸਤ ਨਾਲ ਸਲਾਹ ਕਰੋ ਜਿਸ ਤੋਂ ਮਦਦ ਦੀ ਮੰਗ ਕੀਤੀ ਗਈ ਹੈ। ਤੁਹਾਡੇ ਲਈ ਕਿਸੇ ਵੀ ਉਸ ਹਿਦਾਇਤ ਜਾਂ ਇੱਛਾਵਾਂ ਦੀ ਪਾਲਣਾ ਕਰਨਾ ਵੀ ਜ਼ਰੂਰੀ ਹੈ ਜਿਹੜੀਆਂ ਬਾਲਗ ਨੇ ਸਮਰੱਥ ਹੋਣ ਵੇਲੇ ਜ਼ਾਹਰ ਕੀਤੀਆਂ ਸਨ। ਤੁਹਾਨੂੰ ਆਪਣੇ ਰਿਕਾਰਡਾਂ ਵਿਚ ਗੱਲਬਾਤਾਂ ਦੀਆਂ ਤਾਰੀਕਾਂ ਅਤੇ ਤੁਹਾਨੂੰ ਮਿਲੀ ਜਾਣਕਾਰੀ ਵੀ ਸ਼ਾਮਲ ਕਰਨੇ ਚਾਹੀਦੇ ਹਨ।

ਤੁਹਾਡੇ ਟੀ ਐੱਸ ਡੀ ਐੱਮ ਵਜੋਂ ਕੰਮ ਕਰਨ ਲਈ ਪੀ ਜੀ ਟੀ ਨੇ ਜਿਹੜਾ ਨੋਟਿਸ ਔਫ ਔਥੋਰਾਈਜ਼ੇਸ਼ਨ ਦਿੱਤਾ ਹੈ ਇਕ ਮਹੱਤਵਪੂਰਨ ਰਿਕਾਰਡ ਹੈ ਕਿਉਂਕਿ ਬਾਲਗ ਦੀ ਸਿਹਤ ਸੰਭਾਲ ਕਰਨ ਵਾਲੇ ਬਦਲ ਸਕਦੇ ਹਨ। ਜਦੋਂ ਤੁਹਾਨੂੰ ਟੀ ਐੱਸ ਡੀ ਐੱਮ ਵਜੋਂ ਆਪਣਾ ਰੋਲ ਨਿਭਾਉਣ ਲਈ ਕਿਹਾ ਜਾਂਦਾ ਹੈ ਤਾਂ ਤੁਹਾਨੂੰ ਆਪਣੇ ਅਧਿਕਾਰ ਦੀ ਤਸਦੀਕ ਕਰਨ ਲਈ ਇਹ ਨੋਟਿਸ ਹੈਲਥ ਕੇਅਰ ਪ੍ਰੋਵਾਈਡਰ ਨੂੰ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

## ਕੀ ਉਨ੍ਹਾਂ ਫੈਸਲਿਆਂ ’ਤੇ ਕੋਈ ਬੰਦਸ਼ਾਂ ਹਨ ਜਿਹੜੇ ਕੋਈ ਟੀ ਐੱਸ ਡੀ ਐੱਮ ਕਰ ਸਕਦਾ ਹੈ?

ਤੁਸੀਂ ਕਿਉਂਕਿ ਫੈਸਲੇ ਕਰਨ ਦੇ ਰੋਲ ਵਿਚ ਹੋ, ਇਸ ਕਰਕੇ ਤੁਹਾਡੇ ਨਾਲ ਬਾਲਗ ਦੇ ਵੱਖ ਵੱਖ ਮਾਮਲਿਆਂ ਬਾਰੇ ਸਲਾਹ ਹੋਣ ਦੀ ਸੰਭਾਵਨਾ ਹੈ।

ਭਾਵੇਂ ਕਿ ਬਾਲਗ ਦੀਆਂ ਇੱਛਾਂਵਾਂ, ਵਿਸ਼ਵਾਸ਼ਾਂ ਅਤੇ ਕਦਰਾਂ-ਕੀਮਤਾਂ ਬਾਰੇ ਤੁਹਾਡਾ ਗਿਆਨ, ਬਾਲਗ ਦੇ ਮਦਦ ਕਰਨ ਵਾਲੇ ਨੈੱਟਵਰਕ ਵਿਚਕਾਰ ਚੰਗੇ ਫੈਸਲੇ ਕਰਨ ਵਿਚ ਮਦਦ ਕਰਨ ਵਾਲਾ ਹੋ ਸਕਦਾ ਹੈ, ਟੀ ਐੱਸ ਡੀ ਐੱਮ ਵਜੋਂ ਸਿਹਤ ਸੰਭਾਲ ਬਾਰੇ ਫੈਸਲੇ ਕਰਨ ਵਿਚ ਤੁਹਾਡਾ ਰੋਲ ਤੁਹਾਡੇ ਨੋਟਿਸ ਔਫ ਔਥੋਰਾਈਜ਼ੇਸ਼ਨ ਮੁਤਾਬਕ ਅਤੇ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਅਤੇ *ਹੈਲਥ ਕੇਅਰ ਕੌਨਸੈਂਟ ਰੈਗੂਲੇਸ਼ਨ* (ਰੈਗੂਲੇਸ਼ਨ) ਦੇ ਮੁਤਾਬਕ ਸੀਮਤ ਹੈ।

## ਸਿਹਤ ਸੰਭਾਲ ਦੇ ਸੀਮਤ ਫੈਸਲੇ

ਐਕਟ ਅਤੇ ਰੈਗੂਲੇਸ਼ਨ, ਸਿਹਤ ਸੰਭਾਲ ਦੇ ਅੱਗੇ ਲਿਖੇ ਫੈਸਲਿਆਂ ਲਈ ਸਹਿਮਤੀ ਦੇਣ ਤੋਂ ਟੀ ਐੱਸ ਡੀ ਐੱਮ ਨੂੰ ਖਾਸ ਤੌਰ ’ਤੇ ਮਨਾਹੀ ਕਰਦਾ ਹੈ:

- ਗਰਭਪਾਤ (ਅਬੌਰਸ਼ਨ) ਤੋਂ, ਜੇ ਇਲਾਜ ਕਰਨ ਵਾਲੇ ਡਾਕਟਰ ਅਤੇ ਘੱਟੋ ਘੱਟ ਇਕ ਹੋਰ ਮੈਡੀਕਲ ਡਾਕਟਰ ਨੇ ਲਿਖਤੀ ਰੂਪ ਵਿਚ ਇਸ ਦੀ ਸਿਫਾਰਸ਼ ਨਹੀਂ ਕੀਤੀ ਜਿਸ ਨੇ ਉਸ ਬਾਲਗ ਨੂੰ ਚੈੱਕ ਕੀਤਾ ਸੀ ਜਿਸ ਬਾਰੇ ਇਹ ਤਜਵੀਜ਼ ਕੀਤਾ ਗਿਆ ਹੈ;
- ਇਲੈਕਟਰੋਕਨਵਲਸਿਵ ਥੈਰੇਪੀ ਤੋਂ, ਜੇ ਇਲਾਜ ਕਰਨ ਵਾਲੇ ਡਾਕਟਰ ਅਤੇ ਘੱਟੋ ਘੱਟ ਇਕ ਹੋਰ ਮੈਡੀਕਲ ਡਾਕਟਰ ਨੇ ਲਿਖਤੀ ਰੂਪ ਵਿਚ ਇਸ ਦੀ ਸਿਫਾਰਸ਼ ਨਹੀਂ ਕੀਤੀ ਜਿਸ ਨੇ ਉਸ ਬਾਲਗ ਨੂੰ ਚੈੱਕ ਕੀਤਾ ਸੀ ਜਿਸ ਬਾਰੇ ਇਹ ਤਜਵੀਜ਼ ਕੀਤਾ ਗਿਆ ਹੈ;
- ਸਾਇਕੋਸਰਜਰੀ ਤੋਂ;
- ਜਿਉਂਦੇ ਮਨੁੱਖੀ ਸਰੀਰ ਤੋਂ ਕਿਸੇ ਹੋਰ ਮਨੁੱਖੀ ਸਰੀਰ ਵਿਚ ਪਾਉਣ ਜਾਂ ਡਾਕਟਰੀ ਪੜ੍ਹਾਈ ਜਾਂ ਖੋਜ ਲਈ ਟਿਸ਼ੂ ਕੱਢਣ ਤੋਂ;
- ਤਜਰਬੇ ਕਰਨ ਵਾਲੀ ਸਿਹਤ ਸੰਭਾਲ ਤੋਂ ਜਿੱਥੇ ਉਸ ਬਾਲਗ ਲਈ ਖਤਰੇ ਦਿਖਾਈ ਦਿੰਦੇ ਹਨ ਜਿਸ ਲਈ ਸਿਹਤ ਸੰਭਾਲ ਦੀ ਤਜਵੀਜ਼ ਕੀਤੀ ਗਈ ਹੈ ਜੋ ਕਿ ਉਮੀਦ ਰੱਖੇ ਜਾਂਦੇ ਫਾਇਦੇ ਨਾਲੋਂ ਜ਼ਿਆਦਾ ਨਹੀਂ ਹਨ;
- ਸਿਹਤ ਸੰਭਾਲ ਜਾਂ ਮੈਡੀਕਲ ਰੀਸਰਚ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਜਿਸ ਨੂੰ ਬਣਾਈ ਗਈ ਕਿਸੇ ਮੈਡੀਕਲ ਰੀਸਰਚ ਕਮੇਟੀ ਨੇ ਮਾਨਤਾ ਨਹੀਂ ਦਿੱਤੀ ਹੈ; ਜਾਂ
- ਕਿਸੇ ਵੀ ਇਲਾਜ, ਪ੍ਰੋਸੀਜ਼ਰ ਜਾਂ ਥੈਰੇਪੀ ਤੋਂ ਜਿੱਥੇ ਵਰਤਾਉ ਵਿਚ ਤਬਦੀਲੀ ਲਿਆਉਣ ਲਈ ਅਵਰਸਿਵ ਸਟਿਮੂਲੀ ਵਰਤਣਾ ਸ਼ਾਮਲ ਹੈ।

*ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਅਤੇ ਹੈਲਥ ਕੇਅਰ ਕੌਨਸੈਂਟ ਰੈਗੂਲੇਸ਼ਨ (ਰੈਗੂਲੇਸ਼ਨ) ਨਾਲ ਬੀ ਸੀ ਲਾਅਜ਼ ਦੇ ਵੈੱਬਸਾਈਟ ’ਤੇ ਉਪਲਬਧ ਹਨ: www.bclaws.ca.

### ਜ਼ਿੰਦਗੀ ਨੂੰ ਬਚਾਅ ਕੇ ਰੱਖਣ ਵਾਲੀ ਸਿਹਤ ਸੰਭਾਲ ਤੋਂ ਨਾਂਹ ਕਰਨਾ

ਉਸ ਸਿਹਤ ਸੰਭਾਲ ਲਈ ਜਿਹੜੀ ਜ਼ਿੰਦਗੀ ਨੂੰ ਬਚਾਅ ਕੇ ਰੱਖਣ ਲਈ ਜ਼ਰੂਰੀ ਹੈ, ਸਹਿਮਤੀ ਦੇਣ ਤੋਂ ਤੁਸੀਂ ਸਿਰਫ ਤਾਂ ਹੀ ਨਾਂਹ ਕਰ ਸਕਦੇ ਹੋ ਜੇ ਬਾਲਗ ਦਾ ਇਲਾਜ ਕਰ ਰਹੇ ਹੈਲਥ ਕੇਅਰ ਪ੍ਰੋਵਾਈਡਰਜ਼ ਵਿਚਕਾਰ ਠੋਸ ਐਗਰੀਮੈਂਟ ਹੋਵੇ ਕਿ ਬਦਲਵੀਂ ਸਹਿਮਤੀ ਤੋਂ ਨਾਂਹ ਕਰਨ ਦਾ ਫੈਸਲਾ ਡਾਕਟਰੀ ਤੌਰ ’ਤੇ ਢੁਕਵਾਂ ਹੈ, ਅਤੇ ਤੁਸੀਂ ਇਹ ਫੈਸਲਾ ਐਕਟ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਦੇ ਮੁਤਾਬਕ ਕੀਤਾ ਹੈ। ਜੇ ਇਹ ਫੈਸਲਾ ਕਰਨ ਵਿਚ ਤੁਸੀਂ ਬੇਆਰਾਮੀ ਮਹਿਸੂਸ ਕਰੋ ਤਾਂ ਤੁਸੀਂ ਪੀ ਜੀ ਟੀ ਨੂੰ ਦੱਸ ਸਕਦੇ ਹੋ।

### ਇਲਾਜ ਤੋਂ ਬਿਨਾਂ ਹੋਰ ਕਾਰਨਾਂ ਲਈ ਸਟੈਰਾਲਾਈਜ਼ੇਸ਼ਨ

ਨੋਟ: ਤੁਹਾਡੇ ਕੋਲ ਇਲਾਜ ਤੋਂ ਬਿਨਾਂ ਹੋਰ ਕਾਰਨਾਂ ਲਈ ਸਟੈਰਾਲਾਈਜ਼ੇਸ਼ਨ ਲਈ ਸਹਿਮਤੀ ਦੇਣ ਦਾ ਅਧਿਕਾਰ **ਨਹੀਂ** ਹੈ। *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਦਾ ਸੈਕਸ਼ਨ 2 (ਡੀ) ਕਹਿੰਦਾ ਹੈ "ਇਹ ਐਕਟ ਪੇਸ਼ਾਵਰ ਸੇਵਾਵਾਂ, ਇਲਾਜ ਤੋਂ ਬਿਨਾਂ ਹੋਰ ਕਾਰਨਾਂ ਲਈ ਸਟੈਰਾਲਾਈਜ਼ੇਸ਼ਨ ਦੇ ਮੰਤਵਾਂ ਲਈ ਕਿਸੇ ਵਿਅਕਤੀ ਦੀ ਸੰਭਾਲ ਜਾਂ ਇਲਾਜ ’ਤੇ ਲਾਗੂ ਨਹੀਂ ਹੁੰਦਾ।

## ਸਿਹਤ ਸੰਭਾਲ ਦੇ ਵੱਡੇ ਅਤੇ ਛੋਟੇ ਫੈਸਲੇ

ਤੁਹਾਡਾ ਨੋਟਿਸ ਔਫ ਔਥੋਰਾਈਜ਼ੇਸ਼ਨ ਇਹ ਦੱਸੇਗਾ ਕਿ ਕੀ ਤੁਸੀਂ ਸਿਹਤ ਸੰਭਾਲ ਦੇ ਵੱਡੇ ਅਤੇ ਛੋਟੇ ਫੈਸਲੇ ਕਰਨ ਦੇ ਯੋਗ ਹੋ ਜਾਂ ਸਿਹਤ ਸੰਭਾਲ ਦੇ ਸਿਰਫ ਛੋਟੇ ਫੈਸਲੇ ਕਰਨ ਲਈ ਹੀ। ਜੇ ਤੁਹਾਨੂੰ ਸਿਹਤ ਸੰਭਾਲ ਦੇ ਛੋਟੇ ਫੈਸਲਿਆਂ ਤੱਕ ਹੀ ਸੀਮਤ ਕੀਤਾ ਗਿਆ ਹੈ ਤਾਂ ਸ਼ਾਮਲ ਹੈਲਥ ਕੇਅਰ ਪ੍ਰੋਵਾਈਡਰਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਜੇ ਸਿਹਤ ਸੰਭਾਲ ਦੇ ਵੱਡੇ ਫੈਸਲੇ ਲਈ ਸਹਿਮਤੀ ਦੀ ਲੋੜ ਹੋਵੇ ਤਾਂ ਉਨ੍ਹਾਂ ਨੂੰ ਪੀ ਜੀ ਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

*ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਅਤੇ ਰੈਗੂਲੇਸ਼ਨ ਵੱਡੀ ਅਤੇ ਛੋਟੀ ਸਿਹਤ ਸੰਭਾਲ ਵਿਚਕਾਰ ਫਰਕ ਦੱਸਦਾ ਹੈ ਜਿਵੇਂ ਕਿ ਅੱਗੇ ਦਿੱਤੇ ਚਾਰਟ ਵਿਚ ਦਿਖਾਇਆ ਗਿਆ ਹੈ:

ਵੱਡੀ ਸਿਹਤ ਸੰਭਾਲ ਦਾ ਮਤਲਬ ਹੈ:

**(ਏ)** ਕੋਈ ਵੱਡੀ ਸਰਜਰੀ

**(ਬੀ)** ਕੋਈ ਵੀ ਇਲਾਜ ਜਿਸ ਵਿਚ ਬੇਹੋਸ਼ ਕੀਤਾ ਜਾਣਾ ਹੈ

**(ਸੀ)** ਰੋਗ ਦੀ ਪਛਾਣ ਜਾਂ ਪੜਤਾਲ ਕਰਨ ਦੇ ਵੱਡੇ ਪ੍ਰੋਸੀਜ਼ਰ, ਜਾਂ

**(ਡੀ)** ਕੋਈ ਵੀ ਸਿਹਤ ਸੰਭਾਲ ਜਿਹੜੀ ਕਾਨੂੰਨ ਮੁਤਾਬਕ ਵੱਡੀ ਹੈਲਥ ਕੇਅਰ ਦੱਸੀ ਗਈ ਹ

ਰੈਗੂਲੇਸ਼ਨ ਅੱਗੇ ਲਿਖਿਆਂ ਨੂੰ ਵੱਡੀ ਸਿਹਤ ਸੰਭਾਲ ਬਿਆਨ ਕਰਦਾ ਹੈ:

**(ਏ)** ਰੇਡੀਏਸ਼ਨ ਥੈਰੇਪੀ

**(ਬੀ)** ਇੰਟਰਾਵੀਨਸ ਕੀਮੋਥੈਰੇਪੀ

**(ਸੀ)** ਕਿਡਨੀ ਡਾਇਆਲਿਸਸ

**(ਡੀ)** ਇਲੈਕਟਰੋਕਨਵਲਸਿਵ ਥੈਰੇਪੀ

**(ਈ)** ਲੇਜ਼ਰ ਸਰਜਰੀ

ਛੋਟੀ ਸਿਹਤ ਸੰਭਾਲ ਦਾ ਮਤਲਬ ਹੈ ਕਿ ਉਹ ਸਿਹਤ ਸੰਭਾਲ ਜਿਹੜੀ ਵੱਡੀ ਸਿਹਤ ਸੰਭਾਲ ਨਹੀਂ ਅਤੇ ਇਸ ਵਿਚ ਸ਼ਾਮਲ ਹਨ:

**(ਏ)** ਇਹ ਪਤਾ ਲਾਉਣ ਲਈ ਨੇਮ ਨਾਲ ਟੈੱਸਟ ਕਿ ਕੀ ਸਿਹਤ ਸੰਭਾਲ ਦੀ ਲੋੜ ਹੈ

**(ਬੀ)** ਦੰਦਾਂ ਦਾ ਨੇਮ ਨਾਲ ਇਲਾਜ ਜਿਹੜਾ ਕਿਸੇ ਅਜਿਹੀ ਹਾਲਤ ਜਾਂ ਸੱਟ ਤੋਂ ਰੋਕਥਾਮ ਕਰਦਾ ਹੈ ਜਿਹੜਾ ਕਿਸੇ ਬੀਮਾਰੀ ਜਾਂ ਸਦਮੇ ਕਾਰਨ ਲੱਗੀ ਸੀ ਜਿਵੇਂ ਕਿ:

- (i) ਖੋੜ ਦੀ ਭਰਾਈ ਅਤੇ ਕਢਾਈ ਮਾਸ ਸੁਲਾ ਕੇ ਜਾਂ ਮਾਸ ਸੁਲਾਏ ਬਿਨਾਂ; ਅਤੇ
- (ii) ਮੂੰਹ ਦੀ ਸਫਾਈ ਲਈ ਇੰਸਪੈਕਸ਼ਨਾਂ

## ਗੈਰ ਸਿਹਤ ਸੰਭਾਲ ਦੇ ਫੈਸਲੇ

ਕਿਸੇ ਟੀ ਐੱਸ ਡੀ ਐੱਮ ਨਾਲ ਗੈਰ ਸਿਹਤ ਸੰਭਾਲ ਦੇ ਵੱਖ ਵੱਖ ਮਾਮਲਿਆਂ ਬਾਰੇ ਸਲਾਹ ਕਰਨਾ ਕੋਈ ਅਸਾਧਾਰਨ ਗੱਲ ਨਹੀਂ ਹੈ। ਅੱਗੇ ਦਿੱਤੀਆਂ ਉਦਾਹਰਣਾਂ ਉਨ੍ਹਾਂ ਫੈਸਲਿਆਂ ਦੀਆਂ ਹਨ ਜਿਹੜੇ ਟੀ ਐੱਸ ਡੀ ਐੱਮ ਵਜੋਂ ਕਰਨ ਦੇ ਤੁਹਾਡੇ ਕੋਲ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਅਧੀਨ ਅਧਿਕਾਰ ਨਹੀਂ ਹਨ।

- ਬਾਲਗ ਕਿੱਥੇ ਰਹੇਗਾ;
- ਕੀ ਬਾਲਗ ਨੂੰ ਕਿਸੇ ਕੇਅਰ ਫਾਸਿਲਟੀ ਵਿਚ ਦਾਖਲ ਕਰਵਾਉਣਾ ਜਾਂ ਛੁੱਟੀ ਦਿਵਾਉਣੀ ਹੈ;
- ਬਾਲਗ ਨੂੰ ਮਿਲਣ ਕੌਣ ਆ ਸਕਦਾ ਹੈ;
- ਬਾਲਗ ਦੀ ਤਰਫੋਂ ਕਿਹੜੇ ਵਿੱਤੀ ਫੈਸਲੇ ਕਰਨ ਦੀ ਲੋੜ ਹੈ;
- ਬਾਲਗ ਬਾਰੇ ਕਿਹੜੀ ਨਿੱਜੀ ਜਾਣਕਾਰੀ ਕਿਸੇ ਤੀਜੀ ਧਿਰ ਨੂੰ ਦਿੱਤੀ ਜਾ ਸਕਦੀ ਹੈ ਜੇ ਇਹ ਜਾਣਕਾਰੀ ਦੇਣਾ ਤਜਵੀਜ਼ਸ਼ੁਦਾ ਸਿਹਤ ਸੰਭਾਲ ਦੇ ਫੈਸਲੇ ਬਾਰੇ ਹੋਰਨਾਂ ਨਾਲ ਸਲਾਹ ਕਰਨ ਲਈ ਜ਼ਰੂਰੀ ਨਹੀਂ ਹੈ;
- ਕੀ ਬਾਲਗ ਨੂੰ ਕਿਸੇ ਅਜਿਹੇ ਕਾਰਨ ਕਰਕੇ ਕਾਬੂ ਵਿਚ ਰੱਖਣਾ ਹੈ ਜਿਹੜਾ ਕਿਸੇ ਖਾਸ ਸਿਹਤ ਸੰਭਾਲ ਦੇ ਇਲਾਜ ਨਾਲ ਸੰਬੰਧਿਤ ਨਹੀਂ ਹੈ;
- ਕੀ ਭਵਿੱਖ ਵਿਚ ਕਾਰਡੀਓਪੁਲਮੋਨਰੀ ਰੀਸੱਸੀਟੇਸ਼ਨ (ਸੀ ਪੀ ਆਰ) ਤੋਂ ਨਾਂਹ ਕਰਨ ਦੀ ਹਿਦਾਇਤ 'ਤੇ ਦਸਖਤ ਕਰਨੇ ਹਨ ਜਾਂ ਨਹੀਂ ਜਾਂ ਡੂ ਨੋਟ ਰੀਸੱਸੀਟੇਟ (ਡੀ ਐੱਨ ਆਰ) ਆਰਡਰ ਲਈ ਸਹਿਮਤੀ ਦੇਣੀ ਹੈ (ਸਿਰਫ ਤਾਂ ਹੀ ਜੇ ਬਾਲਗ ਭਵਿੱਖ ਦੀ ਸਿਹਤ ਸੰਭਾਲ ਬਾਰੇ ਹਿਦਾਇਤਾਂ ਦੇ ਸਕਦਾ ਹੋਵੇ ਅਤੇ ਸਿਰਫ ਕੋਈ ਡਾਕਟਰ ਹੀ ਡੀ ਐੱਨ ਆਰਡਰ ਕਰ ਸਕਦਾ ਹੈ)।

---

*ਨੋਟ: ਕੁਝ ਕੇਸਾਂ ਵਿਚ ਪੀ ਜੀ ਟੀ ਸੰਭਾਲ ਵਾਲੀ ਥਾਂ ਦੇ ਫੈਸਲੇ ਕਰਨ ਲਈ ਕਿਸੇ ਬਾਲਗ ਨੂੰ ਟੀ ਐੱਸ ਡੀ ਐੱਮ ਅਤੇ/ਜਾਂ ਬਦਲਵੇਂ ਫੈਸਲੇ ਕਰਨ ਵਾਲਾ (ਐੱਸ ਡੀ ਐੱਮ) ਬਣਾ ਸਕਦਾ ਹੈ; ਇਸ ਲਈ ਵੱਖਰਾ ਅਧਿਕਾਰ ਦੇਣ ਦੀ ਲੋੜ ਹੈ। ਇਸ ਕਾਰਜ ਬਾਰੇ ਜ਼ਿਆਦਾ ਜਾਣਕਾਰੀ ਲਈ ਸਾਡਾ ਬਰੋਸ਼ਰ, **ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲਾ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਰੋਲ**, ਦੇਖੋ।*

---

## ਟੀ ਐੱਸ ਡੀ ਐੱਮ ਦੀ ਜ਼ਿੰਮੇਵਾਰੀ ਕਿੰਨੀ ਚਿਰ ਰਹਿੰਦੀ ਹੈ?

ਤੁਹਾਡੇ ਅਧਿਕਾਰ ਦੀ ਮਿਆਦ ਪੀ ਜੀ ਟੀ ਤੋਂ ਮਿਲੇ ਨੋਟਿਸ ਔਫ ਔਥੋਰਾਈਜ਼ੇਸ਼ਨ ਵਿਚ ਤਹਿ ਕੀਤੀ ਹੋਵੇਗੀ। ਟੀ ਐੱਸ ਡੀ ਐੱਮ ਔਥੋਰਾਈਜ਼ੇਸ਼ਨ ਕਿਸੇ ਇਕ ਇਲਾਜ ਲਈ ਹੋ ਸਕਦੀ ਹੈ (ਜਿਵੇਂ ਕਿ ਸਰਜਰੀ), ਇਲਾਜ ਦੀ ਲੜੀ ਲਈ ਹੋ ਸਕਦੀ ਹੈ, ਜਾਂ ਇਕ ਸਾਲ **ਤੱਕ** ਹੋ ਸਕਦੀ ਹੈ।

ਤੁਹਾਡੀ ਜ਼ਿੰਮੇਵਾਰੀ ਖਤਮ ਹੋ ਜਾਂਦੀ ਹੈ ਜੇ ਜਿਸ ਵਿਅਕਤੀ ਲਈ ਤੁਸੀਂ ਕੰਮ ਕਰ ਰਹੇ ਹੋ ਉਹ ਆਪਣੇ ਇਲਾਜ ਦੇ ਫੈਸਲੇ ਆਪ ਕਰਨ ਦੇ ਸਮਰੱਥ ਹੋ ਜਾਂਦਾ ਹੈ। ਤੁਹਾਨੂੰ ਸ਼ਾਮਲ ਹੈਲਥ ਕੇਅਰ ਪ੍ਰੋਵਾਈਡਰ ਨੂੰ ਅਤੇ ਪੀ ਜੀ ਟੀ ਨੂੰ ਦੱਸਣਾ ਚਾਹੀਦਾ ਹੈ ਜੇ ਤੁਸੀਂ ਸੋਚਦੇ ਹੋ ਕਿ ਜਿਸ ਵਿਅਕਤੀ ਲਈ ਤੁਸੀਂ ਕੰਮ ਕਰ ਰਹੇ ਹੋ ਉਹ ਸਹਿਮਤੀ ਦੇਣ ਜਾਂ ਦੇਣ ਤੋਂ ਨਾਹ ਕਰਨ ਦੇ ਸਮਰੱਥ ਹੈ।

ਇਸ ਤੋਂ ਇਲਾਵਾ, ਜੇ ਕੋਈ ਯੋਗਤਾਪ੍ਰਾਪਤ ਨੇੜੇ ਦਾ ਰਿਸ਼ਤੇਦਾਰ ਜਾਂ ਨੇੜਲਾ ਦੋਸਤ ਉਪਲਬਧ ਹੋ ਜਾਂਦਾ ਹੈ ਜਾਂ ਲੀਗਲ ਬਦਲਵੇਂ ਫੈਸਲੇ ਕਰਨ ਵਾਲਾ ਨਿਯੁਕਤ ਕਰ ਦਿੱਤਾ ਜਾਂਦਾ ਹੈ ਤਾਂ ਪੀ ਜੀ ਟੀ ਵਲੋਂ ਅਧਿਕਾਰਤ ਟੀ ਐੱਸ ਡੀ ਐੱਮ ਦੀ ਹੁਣ ਫੈਸਲੇ ਕਰਨ ਲਈ ਚੋਣ ਨਹੀਂ ਕੀਤੀ ਜਾਵੇਗੀ। ਕਿਸੇ ਅਸਮਰੱਥ ਬਾਲਗ ਦੀ ਤਰਫੋਂ ਸਿਹਤ ਸੰਭਾਲ ਦੇ ਬਦਲਵੇਂ ਫੈਸਲੇ ਕਰਨਾ ਸ਼ੁਰੂ ਕਰਨ ਲਈ, ਕੋਈ ਲੀਗਲ ਬਦਲਵੇਂ ਫੈਸਲੇ ਕਰਨ ਵਾਲੇ, ਨੇੜੇ ਦੇ ਰਿਸ਼ਤੇਦਾਰ ਜਾਂ ਨੇੜਲੇ ਦੋਸਤ ਨੂੰ ਪੀ ਜੀ ਟੀ ਵਲੋਂ ਅਧਿਕਾਰ ਦੇਣ ਦੀ ਲੋੜ ਨਹੀਂ ਹੈ।

### ਜੇ ਮੈਂ ਟੀ ਐੱਸ ਡੀ ਐੱਮ ਵਜੋਂ ਕੰਮ ਕਰਨਾ ਜਾਰੀ ਨਾ ਰੱਖ ਸਕਾਂ ਤਾਂ ਮੈਂ ਕੀ ਕਰਾਂ?

ਜੇ ਤੁਸੀਂ ਕਿਸੇ ਵੀ ਕਾਰਨ ਕਰਕੇ ਟੀ ਐੱਸ ਡੀ ਐੱਮ ਵਜੋਂ ਕੰਮ ਕਰਨਾ ਜਾਰੀ ਰੱਖਣ ਦੇ ਅਸਮਰੱਥ ਹੋਵੋ ਤਾਂ ਸ਼ਾਮਲ ਹੈਲਥ ਕੇਅਰ ਪ੍ਰੋਵਾਈਡਰ ਅਤੇ ਪੀ ਜੀ ਟੀ ਨੂੰ ਦੱਸੋ। ਟੀ ਐੱਸ ਡੀ ਐੱਮ ਦਾ ਅਧਿਕਾਰ ਬਦਲਣ ਯੋਗ ਨਹੀਂ ਹੈ। ਇਹ ਫੈਸਲਾ ਕਰਨ ਲਈ ਪੀ ਜੀ ਟੀ ਨੂੰ ਦੱਸਿਆ ਜਾਣਾ ਜ਼ਰੂਰੀ ਹੈ ਕਿ ਕੀ ਕਿਸੇ ਨਵੇਂ ਟੀ ਐੱਸ ਡੀ ਐੱਮ ਨੂੰ ਅਧਿਕਾਰ ਦਿੱਤੇ ਜਾ ਸਕਦੇ ਹਨ, ਜਾਂ ਕੀ ਪੀ ਜੀ ਟੀ, ਟੀ ਐੱਸ ਡੀ ਐੱਮ ਵਜੋਂ ਕੰਮ ਕਰੇਗਾ।

### ਟੀ ਐੱਸ ਡੀ ਐੱਮ ਨੂੰ ਦੁਬਾਰਾ ਅਧਿਕਾਰ ਦੇਣ ਲਈ ਕੀ ਤਰੀਕਾ ਹੈ?

ਟੀ ਐੱਸ ਡੀ ਐੱਮ ਨੂੰ ਦੁਬਾਰਾ ਅਧਿਕਾਰ ਦੇਣ ਦਾ ਤਰੀਕਾ ਵੀ ਪਹਿਲੇ ਅਧਿਕਾਰ ਵਾਂਗ ਹੀ ਹੈ। ਪੀ ਜੀ ਟੀ ਉਨ੍ਹਾਂ ਫੈਸਲਿਆਂ ਦੇ ਰਿਕਾਰਡ ਦੇਖਣ ਲਈ ਕਹਿ ਸਕਦਾ ਹੈ ਜਿਹੜੇ ਤੁਸੀਂ ਰੱਖੇ ਹਨ। ਪੀ ਜੀ ਟੀ ਬਾਲਗ ਵਲੋਂ ਪ੍ਰਗਟਾਈਆਂ ਗਈਆਂ ਇੱਛਾਂਵਾਂ ’ਤੇ ਵਿਚਾਰ ਕਰੇਗਾ ਅਤੇ ਇਸ ਦੇ ਨਾਲ ਸ਼ਾਮਲ ਹੈਲਥ ਕੇਅਰ ਪ੍ਰੋਵਾਈਡਰਾਂ ਜਾਂ ਬਾਲਗ ਦੀ ਹਾਲਤ ਦਾ ਗਿਆਨ ਰੱਖਣ ਵਾਲੇ ਹੋਰ ਲੋਕਾਂ ਦੀਆਂ ਸਿਫਾਰਸ਼ਾਂ ’ਤੇ ਵੀ ਵਿਚਾਰ ਕਰੇਗਾ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## ਨਿੱਜੀ ਫੈਸਲੇ ਦੀਆਂ ਸੇਵਾਵਾਂ

700–808 West Hastings Street
Vancouver, BC V6C 3L3

| | |
|---|---|
| ਲੋਕਲ ਫੋਨ | **604 660 4507** |
| ਟੋਲ ਫ੍ਰੀ ਫੋਨ | **1 877 511 4111** |
| ਲੋਕਲ ਫੈਕਸ | **604 660 9479** |
| ਟੋਲ ਫ੍ਰੀ ਫੈਕਸ | **1 855 660 9479** |
| ਈਮੇਲ | **AIS-PDS@trustee.bc.ca** |

## ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **1 800 663 7867** |
| ਈਮੇਲ | **mail@trustee.bc.ca** |
| ਵੈੱਬਸਾਈਟ | **www.trustee.bc.ca** |

*ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*

**ਜ਼ਰੂਰੀ ਨੋਟ:**

ਆਰਜ਼ੀ ਤੌਰ 'ਤੇ ਬਦਲਵੇਂ ਫੈਸਲੇ ਕਰਨ ਵਾਲਿਆਂ ਲਈ ਇਹ ਜਾਣਕਾਰੀ ਪਬਲਿਕ ਗਾਰਡੀਅਨ ਐਂਟ ਟਰੱਸਟੀ ਵਲੋਂ ਅਧਿਕਾਰਤ ਹੈ ਅਤੇ ਇਹ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਗਾਰਡੀਅਨ ਐਂਟ ਟਰੱਸਟੀ ਵਲੋਂ ਦਿੱਤੀ ਗਈ ਹੈ। ਇਹ ਆਮ ਜਾਣਕਾਰੀ ਹੈ ਅਤੇ ਇਹ ਕਾਨੂੰਨੀ ਸਲਾਹ ਨਹੀਂ ਹੈ ਅਤੇ ਨਾ ਹੀ ਕਾਨੂੰਨੀ ਸਲਾਹ ਦਾ ਬਦਲ ਹੈ। ਜੇ ਤੁਹਾਨੂੰ ਇਨ੍ਹਾਂ ਕਾਨੂੰਨਾਂ ਬਾਰੇ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਵਕੀਲ ਜਾਂ ਨੋਟਰੀ ਨਾਲ ਜਾਂ ਆਪਣੇ ਕਮਿਉਨਟੀ ਲਾਅ ਆਫਿਸ ਨਾਲ ਸੰਪਰਕ ਕਰੋ।